# ਪ੍ਰਾਇਮਰੀ ਸਕੂਲ ਸ਼ੁਰੂ ਕਰ ਰਹੇ ਹੋ?

ਸਕੂਲ ਜਾਣਾ ਸ਼ੁਰੂ ਕਰਨਾ ਬੱਚਿਆਂ, ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਰੁਮਾਂਚਕਾਰੀ ਸਮਾਂ ਹੁੰਦਾ ਹੈ।

ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਨੂੰ ਫਾਊਂਡੇਸ਼ਨ ਜਾਂ ਪ੍ਰੈੱਪ ਕਿਹਾ ਜਾਂਦਾ ਹੈ।

ਵਿਕਟੋਰੀਆ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਲੈਣ ਲਈ, ਆਪਣੇ ਬੱਚੇ ਦੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਵਾਲੇ ਸਾਲ ਵਿੱਚ ਇਹਨਾਂ ਕਦਮਾਂ ਦੀ ਪਾਲਣਾ ਕਰੋ।

## ਅਰਜ਼ੀ ਭਰਨ ਤੋਂ ਪਹਿਲਾਂ

- ਦਾਖ਼ਲਾ ਕਦੋਂ ਅਤੇ ਕਿਵੇਂ ਲੈਣਾ ਹੈ ਇਸ ਬਾਰੇ ਸਾਡੀ ਵੈੱਬਸਾਈਟ 'ਤੇ ਜਾਣਕਾਰੀ ਪੜ੍ਹੋ
- ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦੀ ਉਮਰ ਸਕੂਲ ਸ਼ੁਰੂ ਕਰਨ ਲਈ ਸਹੀ ਹੈ
- ਆਪਣੇ ਸਥਾਨਕ ਸਕੂਲ ਅਤੇ ਹੋਰ ਨੇੜਲੇ ਸਰਕਾਰੀ ਸਕੂਲਾਂ ਨੂੰ ਇੱਥੇ ਲੱਭੋ **findmyschool.vic.gov.au**
- ਟੂਰ ਬੁੱਕ ਕਰਨ, ਸਕੂਲ ਦੇਖਣ ਲਈ ਜਾਂ ਹੋਰ ਜਾਣਕਾਰੀ ਵਾਸਤੇ ਪ੍ਰਾਇਮਰੀ ਸਕੂਲਾਂ ਨਾਲ ਸੰਪਰਕ ਕਰੋ

## ਫਾਊਂਡੇਸ਼ਨ ਵਿੱਚ ਦਾਖ਼ਲੇ ਲਈ ਅਰਜ਼ੀ ਦੇਣਾ

- ਪ੍ਰਾਇਮਰੀ ਸਕੂਲ ਤੋਂ ਅਰਜ਼ੀ ਫਾਰਮ ਪ੍ਰਾਪਤ ਕਰੋ
- ਲੋੜੀਂਦੇ ਦਸਤਾਵੇਜ਼ ਇਕੱਠੇ ਕਰੋ
- ਨਿਰਧਾਰਤ ਮਿਤੀ (ਜੁਲਾਈ ਦੇ ਆਖਰੀ ਸ਼ੁੱਕਰਵਾਰ) ਤੱਕ ਪ੍ਰਾਇਮਰੀ ਸਕੂਲ ਵਿੱਚ ਸਭ ਕੁਝ ਜਮ੍ਹਾਂ ਕਰੋ
- ਸਕੂਲ ਦੁਆਰਾ ਤੁਹਾਡੇ ਨਾਲ ਸੰਪਰਕ ਕਰਨ ਦੀ ਉਡੀਕ ਕਰੋ (ਅਗਸਤ ਦੇ ਪਹਿਲੇ 2 ਹਫ਼ਤੇ)

**ਤੁਸੀਂ ਹੋਰ ਜਾਣਕਾਰੀ ਲੱਭ ਸਕਦੇ ਹੋ, ਅਤੇ ਅਨੁਵਾਦ ਕੀਤੇ ਸਰੋਤਾਂ ਤੱਕ ਪਹੁੰਚ ਕਰ ਸਕਦੇ ਹੋ:**

ਫਾਊਂਡੇਸ਼ਨ (ਪ੍ਰੈੱਪ) ਵਿੱਚ ਦਾਖ਼ਲਾ ਲੈਣਾ | ਵਿਕਟੋਰੀਆ ਦੀ ਸਰਕਾਰ

THE EDUCATION STATE
VICTORIA State Government
Department of Education
23-082